*ਚੋਣ ਸਰਗਰਮੀ*

# ਭਾਜਪਾ ਦਾ "ਭਾਰਤ ਉਦੈ" ਅਤੇ ਕਾਂਗਰਸ ਦਾ "ਨਵ-ਨਿਰਮਾਣ" ਲੋਕਾਂ ਦੀਆਂ ਅੱਖਾਂ ਵਿਚ ਘੱਟਾ

ਜਿਉਂ ਜਿਉਂ ਲੋਕ ਸਭਾ ਚੋਣਾਂ ਦੀ ਸਰਗਰਮੀ ਵਧ ਰਹੀ ਹੈ, ਤਿਉਂ ਤਿਉਂ ਲੋਕਾਂ ਨੂੰ ਗੁਮਰਾਹ ਕਰਨ ਲਈ ਹਾਕਮ ਜਮਾਤਾਂ ਦੀਆਂ ਪਾਰਟੀਆਂ ਆਪਣੇ ਹੱਥਕੰਡੇ ਤੇਜ਼ ਕਰ ਰਹੀਆਂ ਹਨ ਤੇ ਨਵੇਂ ਨਵੇਂ ਸ਼ੋਸ਼ੇ ਛੱਡ ਰਹੀਆਂ ਹਨ। ਭਾਜਪਾ ਨੇ "ਭਾਰਤ ਉਦੈ" (ਇੰਡੀਆ ਸ਼ਾਇਨਿੰਗ)ਦਾ ਨਾਅਰਾ ਲਾ ਕੇ ੨੫ ਨੁਕਾਤੀ ਪ੍ਰੋਗਰਾਮ ਪੇਸ਼ ਕੀਤਾ ਹੈ ਅਤੇ ਕਾਂਗਰਸ "ਨਵ-ਨਿਰਮਾਣ" ਦਾ ਡੌਰੂ ਵਜਾ ਰਹੀ ਹੈ। ਇਨ੍ਹਾਂ ਪਾਰਟੀਆਂ ਦੇ ਅਮਲਾਂ ਅਤੇ ਨਾਅਰਿਆਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਨੂੰ ਕੋਈ ਸੰਗ-ਸ਼ਰਮ ਨਹੀਂ ਹੈ ਤੇ ਹਕੀਕਤ ਤੇ ਪਰਦਾ ਪਾਉਣ ਲਈ ਇਹ ਕੁਝ ਵੀ ਕਰਨ ਨੂੰ ਤਿਆਰ ਹਨ। ਹਾਕਮ ਜਮਾਤਾਂ ਦੀਆਂ ਸਾਰੀਆਂ ਹੀ ਪਾਰਟੀਆਂ ਦਾ ਮੰਤਵ ਕਿਸੇ ਨਾ ਕਿਸੇ ਤਰੀਕੇ ਨਾਲ ਤਾਕਤ ਹਥਿਆਉਣਾ ਹੈ ਅਤੇ ਇਸੇ ਨਿਸ਼ਾਨੇ ਲਈ ਇਹ ਰਾਤ ਨੂੰ ਦਿਨ ਬਣਾ ਕੇ ਪੇਸ਼ ਕਰ ਰਹੀਆਂ ਹਨ।

ਭਾਜਪਾ ਦਾਅਵਾ ਕਰ ਰਹੀ ਕਿ ਇਹਦੇ ਰਾਜ ਵਿਚ ਹਿੰਦੁਸਤਾਨ ਦੇ ਲੋਕ ਖ਼ੁਸ਼-ਖ਼ੁਸ਼ ਮਹਿਸੂਸ ਕਰ ਰਹੇ ਹਨ ਅਤੇ ਹਿੰਦੋਸਤਾਨ ਤਰੱਕੀ ਕਰ ਰਿਹਾ ਹੈ ਤੇ ਚਮਕਦਾ ਹੈ।ਇਹ ਕਹਿੰਦੀ ਹੈ ਕਿ ਦੁਬਾਰਾ ਤਾਕਤ ਵਿਚ ਆ ਕੇ ਹਿੰਦੁਸਤਾਨ ਨੂੰ ਹੋਰ ਵੀ ਚਮਕਾਏਗੀ ਅਤੇ ਹੋਰ ਵੀ ਖੁਸ਼ਹਾਲ ਬਣਾਏਗੀ। ਲੋਕਾਂ ਨੂੰ ਬੁਧੂ ਬਣਾਉਣ ਲਈ ਇਹਨੇ ੨੫ ਨੁਕਤਾ ਪ੍ਰੋਗਰਾਮ ਪੇਸ਼ ਕੀਤਾ ਹੈ ਅਤੇ "ਇਰਾਦਾ ਨਏ ਹਿੰਦੁਸਤਾਨ ਕਾ" ਦੀ ਡੰਡ ਪਾ ਰਹੀ ਹੈ। ਇਹ ਸ਼ਰੇਆਮ ਧੋਖੇਬਾਜ਼ੀ ਕਰਨ ਵਾਲੇ ਨਾਅਰੇ ਹਨ। ਇਕ ਸਰਸਰੀ ਨਜ਼ਰ ਹੀ ਦੱਸ ਦੇਵੇਗੀ ਕਿ ਭਾਜਪਾ ਅਤੇ ਇਹਦੇ ਜੋਟੀਦਾਰਾਂ ਦਾ ਰਾਜ ਹਨੇਰ-ਗਰਦੀ ਦਾ ਰਾਜ ਹੈ। ਹਿੰਦੁਸਤਾਨ ਦੇ ਮਜ਼ਦੂਰਾਂ, ਕਿਸਾਨਾਂ, ਕਰਮਚਾਰੀਆਂ, ਔਰਤਾਂ, ਜਵਾਨਾਂ, ਦੱਲਿਤਾਂ, ਕਬਾਇਲੀ ਲੋਕਾਂ ਅਤੇ ਹੋਰ ਲੋਕਾਂ ਲਈ ਭਾਜਪਾ ਰਾਜ ਦੇ ਪੰਜ ਸਾਲ ਵੀ ਭੁੱਖ, ਤਸ਼ੱਦਦ ਅਤੇ ਜਬਰ ਦੇ ਸਾਲ ਰਹੇ ਹਨ। ਭਾਜਪਾ ਦਾ `ਨਵੇਂ ਹਿੰਦੁਸਤਾਨ ਦਾ ਇਰਾਦਾ`, ਲੁਟ ਅਤੇ ਜਾਬਰ ਦੇ ਪੁਰਾਣੇ ਰਾਜ ਨੂੰ ਜਾਰੀ ਰੱਖਣ ਦਾ ਇਰਾਦਾ ਹੈ ਅਤੇ ਭਾਰਤ ਦੇ ਲੋਕਾਂ ਦੀ ਦੁਖਾਂ, ਤਕਲੀਫ਼ਾਂ, ਅਤੇ ਬੇਇਜ਼ਤੀ ਭਰੀ ਜਿੰਦਗੀ ਨੂੰ `ਭਾਰਤ ਉਦੈ` ਦੇ ਝੂਠੇ ਅਤੇ ਚਮਕਦਾਰ ਰੰਗਾਂ ਵਿਚ ਪੇਸ਼ ਕਰਨ ਦੇ ਇਰਾਦੇ ਦੇ ਬਗੈਰ ਹੋਰ ਕੁਝ ਨਹੀਂ ਹੈ।

ਇਸੇ ਤਰਾਂ ਕਾਂਗਰਸ ਨੇ ਵੀ ਕਹਿੰਦੇ ਹਨ ਕਿ ਦੇਸ਼ ਦੇ `ਨਵ ਨਿਰਮਾਣ` ਲਈ ਇਕ ਪ੍ਰੋਗਰਾਮ ਉਲੀਕਿਆ ਹੈ ਜਿਹਦੇ ਛੇ ਨੁਕਤੇ ਇੰਜ ਦੱਸੇ ਗਏ ਹਨਃ- **ਸਮਾਜਿਕ ਸਦਭਾਵਨਾ, ਯੁਵਾ ਰੋਜ਼ਗਾਰ, ਗ੍ਰਾਮੀਣ ਵਿਕਾਸ, ਆਰਥਕ ਨਵੋਥਾਨ, ਮਹਿਲਾ ਸਸ਼ਕਤੀਕਰਨ**

ਕਾਂਗਰਸ ਪਾਰਟੀ ਨੂੰ ਨਵ-ਨਿਰਮਾਣ ਦੇ ਇਹ ਨੁਕਤੇ ਦੱਸਦੇ ਹੋਏ ਜ਼ਰਾ ਸੰਗ ਨਹੀਂ ਆਉਂਦੀ। ੧੯੪੭ ਦੀ ਨਾਮਨਿਹਾਦ ਆਜ਼ਾਦੀ ਦੇ ਬਾਅਦ ਦੇ ਤਕਰੀਬਨ ੫੦ ਸਾਲ ਕਾਂਗਰਸ ਹੀ ਕੇਂਦਰ ਵਿਚ ਰਾਜ ਕਰਦੀ ਰਹੀ ਹੈ ਅਤੇ `ਸਮਾਜਵਾਦੀ ਨਮੂਨੇ` ਅਤੇ `ਗਰੀਬੀ ਹਟਾਓ` ਵਰਗੇ ਨਾਅਰੇ ਇਸਤੇਮਾਲ ਕਰਦੀ ਰਹੀ ਹੈ ਪਰ ਆਪਣੇ ੫੦ ਸਾਲਾਂ ਦੇ ਰਾਜ ਵਿਚ ਇਹਨੇ ਇਕ ਵੀ ਲੋਕ ਪੱਖੀ ਗੱਲ ਤੇ ਅਮਲ ਨਹੀਂ ਕੀਤਾ। ਹੁਣ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਵੋਟਾਂ ਬਟੋਰਨ ਲਈ ਇਹ ਸਮਾਜਕ ਸਦਭਾਵਨਾ, ਯੁਵਕਾਂ ਦੇ ਰੁਜ਼ਗਾਰ, ਪਿੰਡਾਂ ਦੇ ਵਿਕਾਸ, ਆਰਥਕ ਤਰੱਕੀ ਅਤੇ ਔਰਤਾਂ ਨੂੰ ਸ਼ਕਤੀਵਾਨ ਕਰਨ ਦੀਆਂ ਫੇਰ ਗੱਲਾਂ ਕਰ ਰਹੀ ਹੈ। ਇਹ ਗੱਲ ਸਮਾਜਿਕ ਸਦਭਾਵਨਾ ਦੀ ਕਰਦੀ ਹੈ ਪਰ ਇਹਦੇ ਰਾਜ ਵਿਚ ਫਿਰਕੂ ਹਿੰਸਾ ਅਤੇ ਤਸ਼ੱਦਦ ਵੱਡੇ ਪੈਮਾਨੇ ਤੇ ਜਥੇਬੰਦ ਕੀਤੇ ਗਏ। ਹਰਿਮੰਦਰ ਸਾਹਿਬ ਤੇ ਹਮਲਾ ਅਤੇ ਬਾਬਰੀ ਮਸਜਿਦ ਨੂੰ ਢਾਉਣ ਦਾ ਕੰਮ ਕਾਂਗਰਸ ਰਾਜ ਦੀ ਛਤਰਛਾਇਆ ਹੇਠ ਹੀ ਹੋਇਆ ਸੀ। ਇਹਦੇ ਹੀ ਰਾਜ ਵਿਚ ਅਮੀਰ ਹੋਰ ਅਮੀਰ ਅਤੇ ਗ਼ਰੀਬ ਹੋਰ ਗ਼ਰੀਬ ਹੋਏ ਅਤੇ ਬੇਰੁਜ਼ਗਾਰੀ ਦਿਨ ਬਦਿਨ ਵਧਦੀ ਗਈ। ਦਿਨ ਦਿਹਾੜੇ ਔਰਤਾਂ ਦੀ ਪੱਤ ਲਾਹੀ ਗਈ ਅਤੇ ਉਨ੍ਹਾਂ ਨੂੰ ਅੱਗਾਂ ਵਿਚ ਸਾੜਿਆ ਗਿਆ ਪਰ ਹੁਣ ਕਾਂਗਰਸ ਔਰਤਾਂ ਦੇ "ਸਸ਼ਕਤੀਕਰਣ" , ਯੁਵਾ ਰੁਜ਼ਗਾਰ, ਗਰਾਮੀਣ ਵਿਕਾਸ ਅਤੇ ਆਰਥਕ ਕਾਇਆ-ਕਲਪ ਦੀਆਂ ਗੱਲਾਂ ਕਰ ਰਹੀ ਹੈ।

ਸੀ.ਪੀ.ਐਮ. ਆਪਣੇ ਮੈਨੀਫੈਸਟੋ ਵਿਚ ਉਹ ਵਾਅਦੇ ਕਰ ਰਹੀ ਹੈ ਜਿਨ੍ਹਾਂ ਉਤੇ ਅਮਲ ਇਹਦੀ ਪੱਛਮੀ ਬੰਗਾਲ ਦੀ ਸਰਕਾਰ ਨੇ ਪਿਛਲੇ ੨੫ਸਾਲਾਂ ਦੇ ਰਾਜ ਵਿਚ ਵੀ ਨਹੀਂ ਕੀਤਾ। ਮਿਸਾਲ ਦੇ ਤੌਰ ਤੇ ਆਪਣੇ ਚੋਣ ਮੈਨੀਫੈਸਟੋ ਵਿਚ ਸੀ.ਪੀ.ਐਮ ਦਾ ਐਲਾਨ ਹੈ ਕਿ ਇਹ ਔਰਤਾਂ ਅਤੇ ਬੱਚਿਆਂ ਦੇ ਹੱਕਾਂ ਦੀ ਰਾਖੀ ਕਰੇਗੀ, ਪਰ ਪੱਛਮੀ ਬੰਗਾਲ ਵਿਚ ੨੫ ਸਾਲ ਤੋਂ ਵੀ ਜ਼ਿਆਦਾ ਚਿਰ ਤੋਂ ਰਾਜ ਇਨ੍ਹਾਂ ਦੇ ਹੱਥ ਵਿਚ ਹੈ ਪਰ ਔਰਤਾਂ ਅਤੇ ਬੱਚਿਆਂ ਦੇ ਹੱਕਾਂ ਦੀ ਕੋਈ ਰਾਖੀ ਨਹੀਂ ਕੀਤੀ ਗਈ। ਇਸੇ ਤਰਾਂ ਮਜ਼ਦੂਰਾਂ, ਕਿਸਾਨਾਂ ਅਤੇ ਹੋਰਨਾਂ ਦੇ ਹੱਕਾਂ ਬਾਰੇ ਵੀ ਇਨ੍ਹਾਂ ਦੇ ਵਾਅਦੇ ਅਤੇ ਦਾਅਵੇ ਫੋਕੇ ਹੀ ਹਨ। ਹੱਥ ਕੰਗਣ ਨੂੰ ਆਰਸੀ ਕੀ?

ਭਾਜਪਾ, ਕਾਂਗਰਸ ਅਤੇ ਸੀ.ਪੀ.ਐਮ ਦੇ ਇਹ ਮੈਨੀਫੈਸਟੋ ਹਾਕਮ ਜਮਾਤਾਂ ਦੀ ਸਟੇਟ ਦੇ ਕੰਟਰੋਲ ਲਈ ਚੱਲ ਰਹੀ ਆਪਸੀ ਲੜਾਈ ਦੀ ਝਲਕ ਹੈ। ਹਾਕਮ ਜਮਾਤਾਂ ਦੇ ਵੱਖ ਵੱਖ ਧੜੇ ਸਟੇਟ ਉਤੇ ਆਪਣਾ ਜੱਫਾ ਮਜ਼ਬੂਤ ਕਰਕੇ ਸਰਕਾਰੀ ਮਸ਼ੀਨਰੀ ਅਤੇ ਅਦਾਰਿਆਂ ਨੂੰ ਆਪਣੇ ਧੜੇ ਦੇ ਫਾਇਦੇ ਲਈ ਵਰਤਣ ਲਈ ਰਣ ਨੀਤੀ ਬਣਾ ਰਹੇ ਹਨ। ਸਟੇਟ ਉਤੇ ਆਪਣੇ ਜੱਫੇ ਨੂੰ ਉਹ ਚੋਣਾਂ ਰਾਹੀਂ ਜਾਇਜ਼ ਅਤੇ ਕਾਨੂੰਨੀ ਬਣਾਉਣਾ ਚਾਹੁੰਦੇ ਹਨ ਤਾਂ ਕਿ ਇਹ ਕਹਿ ਸਕਣ ਜੋਗੇ ਹੋ ਜਾਣ ਕਿ ਉਹ ਜੋ ਕੁਝ ਵੀ ਕਰ ਰਹੇ ਹਨ ਲੋਕਾਂ ਤੋਂ ਮਿਲੇ ਫ਼ਤਵੇ ਅਨੁਸਾਰ ਹੀ ਕਰ ਰਹੇ ਹਨ। ਮੌਜੂਦਾ ਲੋਕ ਤੰਤ੍ਰ ਅੰਦਰ ਪਾਰਟੀ ਰਾਜ ਦਾ ਇਹ ਇਕ ਵਿਸ਼ੇਸ਼ ਖ਼ਾਸਾ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਨਾਮ ਲੋਕਾਂ ਦਾ ਜਪਦੀਆਂ ਹਨ ਪਰ ਕੰਮ ਆਪਣੇ ਧੰਨਵਾਨ ਮਾਲਕਾਂ ਦੇ ਕਰਦੀਆਂ ਹਨ। ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਵਿਦੇਸ਼ੀ ਤੇ ਦੇਸੀ ਹਿਮਾਇਤੀ ਆਪਣੇ ਮੁਫ਼ਾਦ ਲਈ ਸਟੇਟ ਦੇ ਹਰ ਅਦਾਰੇ ਨੂੰ ਵਰਤਦੇ ਹਨ। ਆਮ ਲੋਕਾਂ ਦੀ ਸੇਵਾ ਕਰਨ ਜਾਂ ਉਨ੍ਹਾਂ ਦਾ ਫਤਵਾ ਹਾਸਲ ਕਰਨ ਦਾ ਬਹਾਨਾ ਤਾਂ ਸਿਰਫ਼ ਸਟੇਟ ਦੀ ਤਾਕਤ ਨੂੰ ਜੱਫਾ ਮਾਰਨ ਲਈ ਹੀ ਬਣਾਇਆ ਜਾਂਦਾ ਹੈ। ਇਨ੍ਹਾਂ ਪਾਰਟੀਆਂ ਦੇ ਚੋਣ ਮੈਨੀਫੈਸਟੋ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾਉਣ ਦਾ ਹੀ ਇਕ ਵਸੀਲਾ ਹਨ।

ਇਹ ਪਾਰਟੀਆਂ ਤਾਕਤ ਵਿਚ ਆਉਣ ਲਈ ਇਹ ਝੂਠੇ ਵਾਅਦੇ ਅਤੇ ਨਾਅਰੇ ਜ਼ਰੂਰ ਲਾਉਂਦੀਆਂ ਹਨ ਪਰ ਲੋਕਾਂ ਦੇ ਹਿਤਾਂ ਬਾਰੇ ਇਨ੍ਹਾਂ ਦਾ ਕੋਈ ਖ਼ਿਆਲ ਨਹੀਂ। ਯੂਰਪੀਅਨ ਨੁਮਾਇੰਦਿਆਂ ਵਾਲੀ ਜਮਹੂਰੀਅਤ ਦੀ ਸਿਆਸੀ ਪ੍ਰਣਾਲੀ ਦੀ ਇਹ ਖਾਸੀਅਤ ਹੈ ਅਤੇ ਇਹ ਇਸੇ ਤਰਾਂ ਹੀ ਚਲਦੀ ਹੈ। ਇਹ ਸਿਆਸੀ ਪ੍ਰਣਾਲੀ ਅਤੇ ਰਾਜ ਤੰਤ੍ਰ ਲੋਕਾਂ ਦਾ ਕੁਝ ਵੀ ਨਹੀਂ ਸੁਆਰ ਸਕਦੇ ਭਾਵੇ ਕੋਈ ਵੀ ਪਾਰਟੀ ਰਾਜ ਕਰੇ। ਪਾਰਟੀ ਰਾਜ ਦਾ ਇਹ ਸਾਰਾ ਬੰਦੋਬਸਤ ਹੀ ਲੋਕਾਂ ਦੇ ਹਿਤਾਂ ਦੇ ਖਿੱਲਾਫ਼ ਭੁਗਤਦਾ ਹੈ। ਸਿਆਸੀ ਪਾਰਟੀਆਂ ਲੋਕਾਂ ਦੀ ਅੱਖਾਂ ਵਿਚ ਘੱਟਾ ਪਾਉਣ ਲਈ ਕਈ ਤਰਾਂ ਦੇ ਵਾਅਦੇ ਕਰਦੀਆਂ ਹਨ। ਤਾਕਤ ਵਿਚ ਆ ਕੇ ਉਹ ਕੋਈ ਵੀ ਵਾਅਦਾ ਪੂਰਾ ਨਹੀਂ ਕਰਦੀਆਂ ਅਤੇ ਕਿਸੇ ਨੂੰ ਜਵਾਬਦੇਹ ਨਹੀਂ। ਇਹ ਆਮ ਲੋਕਾਂ ਨੂੰ ਇਕ ਵੋਟਾਂ ਪਾਉਣ ਵਾਲਾ ਇੱਜੜ ਹੀ ਸਮਝਦੀਆਂ ਹਨ ਅਤੇ ਵੋਟਾਂ ਦੇ ਬਾਦ ਉਨ੍ਹਾਂ ਦੀ ਕੋਈ ਅਹਿਮੀਅਤ ਨਹੀਂ। ਇਹ ਸਾਰੀਆਂ ਪਾਰਟੀਆਂ ਨਵੇਂ ਹਿੰਦੁਸਤਾਨ ਦਾ ਜਾਂ ਨਵ ਨਿਰਮਾਣ ਦਾ ਨਾਅਰਾ ਲੋਕਾਂ ਨੂੰ ਇਕ ਵਾਰੀ ਫੇਰ ਭੁਲੇਖੇ ਦੇਣ ਲਈ ਲਾ ਰਹੀਆਂ ਹਨ।

ਲੋਕ ਆਪਣੇ ਮਸਲਿਆਂ ਦੇ ਹੱਲ ਲਈ ਰਾਹ ਲੱਭ ਰਹੇ ਹਨ ਅਤੇ ਇਨ੍ਹਾਂ ਸਾਰੀਆਂ ਪੁਰਾਣੀਆਂ ਤਾਕਤਾਂ ਦੀ ਜਕੜ ਨੂੰ ਤੋੜ ਕੇ ਆਪਣੇ ਮਸਲੇ ਹੱਲ ਕਰਨਾ ਚਾਹੁੰਦੇ ਹਨ। ਉਹ ਰੁਜ਼ਗਾਰ, ਇੱਜ਼ਤ ਅਤੇ ਖੁਸ਼ਹਾਲੀ ਚਾਹੁੰਦੇ ਹਨ ਅਤੇ ਨਵੀਂ ਉਸਾਰੀ ਬਾਰੇ ਸੰਜੀਦਗੀ ਨਾਲ ਵਿਚਾਰ ਵਟਾਂਦਰਾ ਕਰ ਰਹੇ ਹਨ। ਸਮੇਂ ਦੀ ਲੋੜ ਇਕ ਨਵੀਂ ਸਿਆਸੀ ਪ੍ਰਣਾਲੀ ਅਤੇ ਇਕ ਨਵਾਂ ਰਾਜ ਤੰਤ੍ਰ ਬਣਾਉਣ ਦੀ ਹੈ ਜਿਸਦਾ ਮਕਸਦ ਲੋਕਾਂ ਨੂੰ ਤਾਕਤ ਵਿਚ ਲਿਆਉਣਾਂ ਹੋਵੇ ਸਿਆਸੀ ਪਾਰਟੀਆਂ ਨੂੰ ਨਹੀਂ। ਲੋਕਾਂ ਨੂੰ ਇਨ੍ਹਾਂ ਚੋਣਾਂ ਦੌਰਾਨ ਇਸ ਨਵੇਂ ਰਾਜ ਤੰਤ੍ਰ, ਪਰਜਾ ਰਾਜ ਬਾਰੇ ਵਿਚਾਰ ਵਟਾਂਦਰੇ ਤੇਜ਼ ਕਰਨ ਲਈ ਆਪਣੇ ਵਿਚੋਂ ਉਮੀਦਵਾਰ ਖੜੇ ਕਰਨ ਦੀ ਲੋੜ ਹੈ। ਆਪਣੇ ਹਿਤ ਅਸੀਂ ਆਪ ਹੀ ਬਚਾ ਸਕਦੇ ਹਾਂ। ਸਾਨੂੰ ਕਿਸੇ ਵੀ ਸਿਆਸੀ ਪਾਰਟੀ ਵੱਲ ਦੇਖਣ ਦੀ ਲੋੜ ਨਹੀਂ। ਖੁਦ ਹੀ ਹਾਕਮ ਬਣ ਕੇ ਹਿੰਦੁਸਤਾਨ ਦੀ ਨਵੀਂ ਉਸਾਰੀ ਕਰਨ ਦੀ ਲੋੜ ਅੱਜ ਦੀ ਲੋੜ ਹੈ। ਸਮਾਂ ਵੰਗਾਰ ਰਿਹਾ ਹੈ ਕਿ ਮਜ਼ਦੂਰ, ਕਿਸਾਨ, ਔਰਤਾਂ, ਨੌਜਵਾਨ ਅਤੇ ਹੋਰ ਸਾਰੇ ਲੋਕ ਆਪਣੇ ਮਸਲਿਆਂ ਦੇ ਹੱਲ ਲਈ ਆਪ ਸਰਗਰਮ ਹੋਣ।